ਟ੍ਰੈਕਟ ਨੰ: ੧੩੯

ਕਬੀਰ ਜਿਸੁ ਮਰਨੈ ਤੇ ਜਗੁ ਡਰੈ ਮੇਰੇ ਮਨ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥

ਸਤਿ ਸ੍ਰੀ ਅਕਾਲ

ਖਾ: ਟ੍ਰੈ: ਸੁ: ਅੰ:

# ਪ੍ਰੋਫੈਸਰ ਪੂਰਨ ਸਿੰਘ

ਜਿਸ ਨੂੰ

ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ
(ਰਜਿਸਟਰਡ ਮੁਤਾਬਕ ਐਕਟ ੨੧ ਸਨ ੧੮੬੦) ਨੇ
ਪ੍ਰਕਾਸ਼ਤ ਕੀਤਾ

---

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ
ਸ੍ਰਦਾਰ ਲਖਬੀਰ ਸਿੰਘ ਮੈਨੇਜਰ ਤੇ
ਪ੍ਰਿੰਟਰ ਦੇ ਯਤਨ ਨਾਲ ਛਪਿਆ।

੫ ਮਈ ੧੯੩੧ ਮੋਖ-)

22647
ਨ: ੩
ਪੂ ੭੨੨ ਖ'
22647

# ਸ੍ਰੀ ਸਰਦਾਰ ਪੂਰਨ ਸਿੰਘ ਜੀ !

ਆਪਦੇ ਅਕਾਲ ਚਲਾਣੇ ਪਰ ਸਾਰੇ ਪੰਥ ਵਿਚ ਮਹਾਨ ਸ਼ੋਕ ਹੋ ਰਿਹਾ ਹੈ, ਇਸ ਸ਼ੋਕ ਵਿਚ ਖਾਲਸਾ ਟ੍ਰੈਕਟ ਸੁਸੈਟੀ ਬੀ ਦਿਲੀ ਪੀੜਾ ਨਾਲ ਸ਼ਾਮਿਲ ਹੈ, ਸਾਰੇ ਪੰਥ ਵਿਚ ਜਿਸ ਵ੍ਯਕਤੀ ਦੇ ਗੁਜ਼ਰ ਜਾਣ ਨਾਲ ਥੁੜ ਆਈ ਹੈ ਤੇ ਘਾਟਾ ਪਿਆ ਹੈ, ਉਸਦੀ ਥੁੜ ਨੂੰ ਸੁਸੈਟੀ ਬੀ ਪ੍ਰਤੀਤ ਕਰ ਰਹੀ ਹੈ।

ਪ੍ਰੰਤੂ ਸੁਸੈਟੀ ਨਿਜਦੇ ਤੌਰ ਤੇ ਬੀ ਘਾਟਾ ਪ੍ਰਤੀਤ ਕਰ ਰਹੀ ਹੈ, ਜਦ ਤੋਂ ਆਪਨੇ ਸਿਆਲਕੋਟ ਦੀ ਕਾਨਫ੍ਰੰਸ ਤੋਂ ਆਕੇ ਸਿੱਖੀ ਮੰਡਲ ਵਿਚ ਪਰਵੇਸ਼ ਪਾਇਆ ਆਪਦੀ ਸੁਤੀ ਸਾਰਦਾ ਜਾਗ ਉਠੀਸੀ, ਤਦ ਤੋਂ ਬਾਦਹੀ ਆਪ ਗਦ੍ਯ ਤੇ ਪਦ੍ਯ ਅੰਗ੍ਰੇਜ਼ੀ ਤੇ ਪੰਜਾਬੀ ਵਿਚ ਰਸ ਮਈ ਰੰਗ ਦੀ ਲਿਖਣ ਲਗ ਪਏ ਸੇ। ਜਿੱਥੇ ਆਪ ਨੇ ਵਖ੍ਯਾਨਾਂ ਨਾਲ ਪਿੰਡਾਲ ਗੁੰਜਾਏ, ਜਿਥੇ ਆਪ ਨੇ ਖਾਲਸਾ ਸਮਾਚਾਰ ਵਰਗੇ ਅਖ-

ਬਾਰਾਂ ਵਿਚ ਲੇਖ ਲਿਖੇ ਅਤੇ ਅੰਗ੍ਰੇਜ਼ੀ ਤੇ ਪੰਜਾਬੀ ਵਿਚ ਪੁਸਤਕ ਰਚੇ, ਉਥੇ ਆਪ ਖਾਲਸਾ ਟ੍ਰੈਕਟ ਸੁਸਾਇਟੀ ਲਈ ਟ੍ਰੈਕਟ ਬੀ ਰਚਦੇ ਰਹੇ।੧੯੨੫ ਵਿਚ ਜਦ ਕਿ ਸੁਸਾਇਟੀ ਦੇ ਗੁਰਪੁਰਬ ਟ੍ਰੈਕਟਾਂ ਦੇ ਨਿਜ ਲੇਖਕ ਜੀ ਸਰੀਰਕ ਖੇਚਲ ਕਰਕੇ ਟ੍ਰੈਕਟ ਨਹੀਂ ਸਨ ਲਿਖ ਸਕੇ, ਆਪ ਨੇ ਹੀ ਉਸ ਸਾਲ ਦਾ ਗੁਰਪੁਰਬ ਟ੍ਰੈਕਟ ਲਿਖਕੇ ਸੰਗਤਾਂ ਨੂੰ ਨਿਹਾਲ ਕੀਤਾ ਸੀ। 'ਕਲਾਧਾਰੀ ਤੇ ਕਲਾਧਾਰੀ ਪੂਜਾ,' ਐਮਰਸਨ ਦੇ ਲੇਖਾਂ ਦਾ ਉਲਥਾ ਇਹ ਦੋ ਟ੍ਰੈਕਟ ਵੀ ਆਪ ਦੀ ਸੁਹਣੀ ਲੇਖਣੀ ਦਾ ਹੀ ਨਤੀਜਾ ਹਨ ਜੋ ਖਾਲਸਾਟ੍ਰੈਕਟ ਸੁਸਾਇਟੀ ਵਲੋਂ ਪ੍ਰਕਾਸ਼ਤ ਹੋ ਚੁਕੇ ਹਨ ਹੋਰ ਬੀ ਕਈ ਲੇਖ ਆਪਦੇ ਰਚਿਤ ਹਨ।

ਇਸ ਪ੍ਰਕਾਰ ਆਪ ਦੀ ਹਸਤੀ ਤੋਂ ਹਰ ਪਹਿਲੂ ਪੰਥ ਵਿਚ ਲਾਭ ਪੁਜਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਸ਼ ਜਦ ਮੁਕਾ ਤਾਂ ਆਪਨੇ ਹੀ ਸਾਰੇ ਕੋਸ਼ ਵਿਚ ਇਕ ਗਹਿਰੀ ਨਜ਼ਰ ਦੁੜਾਕੇ ਉਸਦਾ



ਮੁਖਬੰਧ ਲਿਖਿਆ ਸੀ, ਜਿਸ ਵਿਚ ਆਪ ਨੇ ਪਰਖ ਦੀ ਕਸਵੱਟੀ ਤੇ ਰੱਖਕੇ ਇਸਦੇ ਗੁਣਾਂ ਦੀ ਪਛਾਣ ਕਰਵਾਈ ਸੀ ਤੇ ਅਥੱਕ ਮਿਹਨਤ ਤੇ ਇਕੱਲਿਆਂ ਮਿਹਨਤ ਕਰਕੇ ਰਚਨਹਾਰ ਜੀ ਦੀ ਘਾਲ ਨੂੰ ਤੋਲਿਆ ਸੀ, ਇਸੀ ਪ੍ਰਕਾਰ 'ਅਬਚਲੀਜੋਤ ਜਿਸ ਨੂੰ ਸੁੰਦ੍ਰੀ ਕਰਤਾ ਜੀ ਨੇ ਭੂਸ਼ਤ ਕੀਤਾ ਸੀ, ਆਪ ਜੀ ਦੀ ਮਿਹਨਤ ਦਾ ਇਕ ਸੁਗੰਧਿਤ ਫੁਲ ਅਸਾਂ ਪਾਸ ਹੈ।

ਵਾਹਿਗੁਰੂ ਆਪ ਦੀਆਂ ਘਾਲਾਂ ਨੂੰ ਥਾਂ ਪਾਵੇ, ਤੇ ਸਾਡੀ ਅਰਦਾਸ ਸੁਣੇ ਕਿ ਆਪ ਦਾ ਨਿਵਾਸ ਸਾਧ ਸੰਗਤ ਵਿਚ ਹੋਵੇ ਤੇ ਪਿੱਛੇ ਡੇਰਾ ਹਰਿਆ ਭਰਿਆ ਰਹੇ। ਆਪ ਦੇ ਸਪੁੱਤ੍ਰਾਂ ਵਿਚ ਓਹੋ ਪੰਥ ਪ੍ਰੇਮ ਉਪਜੇ ਤੇ ਪੰਥ ਸੇਵਾ ਦੇ ਮੰਡਲ ਫਿਰ ਸੋਭਤ ਹੋਣ।

ਲੇ: ਸਕੱਤ੍ਰ

---

ਅਗਲੇ ਸਫ਼ਿਆਂ ਵਿਚ ਅਸੀ ਆਪ ਸੰਬੰਧੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.